# ਸਾਡੇ ਪਿਤਾ ਦੇ ਪਿਆਰ ਦਾ ਵਰਣਨ ਤੋਂ ਬਾਹਰ ਦਾਨ

ਫ੍ਰੈਂਕਲਿਨ ਦੁਆਰਾ ਨੋਟਸ

ਕ੍ਰਿਸਮਿਸ ਸਾਲ ਦਾ ਅਦਭੁਤ ਸਮਾਂ ਹੈ ਕਿਉਂਕਿ ਇਹ ਸਭ ਪਿਆਰ ਅਤੇ ਦੇਣ ਦੇ ਬਾਰੇ ਹੈ।

**ਪਰਮੇਸ਼ੁਰ ਦਾ ਪ੍ਰੇਮ** ਸਾਡੇ ਵਿੱਚ ਇਸ ਤੋਂ ਪਰਗਟ ਹੋਇਆ ਜੋ **ਪਰਮੇਸ਼ੁਰ ਨੇ ਆਪਣੇ ਇਕਲੌਤੇ ਪੁੱਤਰ ਨੂੰ** ਸੰਸਾਰ **ਵਿੱਚ** ਘੱਲਿਆ ਭਈ **ਅਸੀਂ** ਉਹ ਦੇ ਰਾਹੀਂ **ਜੀਵੀਏ**।

1 ਯੂਹੰਨਾ 4:8-9

ਉਹ ਅਜਿਹਾ ਕਿਉਂ ਕਰੇਗਾ?

ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ **ਅਜਿਹਾ ਪਿਆਰ ਕੀਤਾ** ਜੋ **ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ**

ਯੂਹੰਨਾ 3:16

## ਧੰਨਵਾਦ ਹੈ ਪਰਮੇਸ਼ੁਰ ਦਾ ਉਹ ਦੇ ਉਸ ਦਾਨ ਲਈ ਜਿਹੜਾ ਕਹਿਣ ਤੋਂ ਬਾਹਰ ਹੈ।

2 ਕੁਰਿੰਥੀਆਂ 9:15

**ਯਿਸੂ ਮਸੀਹ** ਦਾ **ਜਨਮ** ਇਉਂ ਹੋਇਆ: ਮੱਤੀ 1:18

---

ਲੂਕਾ 1:26-27 ਛੇਵੇਂ ਮਹੀਨੇ ਜਿਬਰਾਏਲ ਦੂਤ ਪਰਮੇਸ਼ੁਰ ਦੀ ਵੱਲੋਂ ਨਾਸਰਤ ਨਾਮੇ ਗਲੀਲ ਦੇ ਇੱਕ ਨਗਰ ਵਿੱਚ। (27) ਇੱਕ **ਕੁਆਰੀ** ਦੇ ਕੋਲ ਭੇਜਿਆ ਗਿਆ ਜਿਹ ਦੀ ਕੁੜਮਾਈ **ਯੂਸੁਫ਼** ਕਰਕੇ ਦਾਊਦ ਦੇ ਘਰਾਣੇ ਦੇ ਇੱਕ ਪੁਰਸ਼ ਨਾਲ ਹੋਈ ਸੀ ਅਰ **ਉਸ ਕੁਆਰੀ ਦਾ ਨਾਉਂ ਸੀ ਮਰਿਯਮ**।

- ਇਹ ਇਸ ਭਵਿੱਖਬਾਣੀ ਦੇ ਪੂਰਾ ਹੋਣ ਦੀ ਘੋਸ਼ਣਾ ਸੀ: **ਯਸਾਯਾਹ 7:14** ਏਸ ਲਈ ਪ੍ਰਭੂ ਆਪ ਤੁਹਾਨੂੰ ਇੱਕ ਨਿਸ਼ਾਨ ਦੇਵੇਗਾ। ਵੇਖੋ, **ਇੱਕ ਕੁਆਰੀ ਗਰਭਵੰਤੀ ਹੋਵੇਗੀ** ਅਤੇ ਪੁੱਤਰ ਜਣੇਗੀ ਅਤੇ ਉਹ ਉਸ ਦਾ ਨਾਮ **ਇੰਮਾਨੂਏਲ** ਰੱਖੇਗੀ।

- ਇਹ ਘੋਸ਼ਣਾ ਕਰਦਾ ਹੈ ਕਿ ਇਹ ਇੱਕ **ਚਮਤਕਾਰੀ ਜਨਮ** ਹੋਵੇਗਾ ਜਿਵੇਂ ਕਿ ਇੱਕ ਕੁਆਰੀ ਮਰਦ ਤੋਂ ਬਿਨ੍ਹਾਂ ਗਰਭਵਤੀ ਨਹੀਂ ਹੋ ਸਕਦੀ।

- ਇਹ ਮਰਿਯਮ ਦੇ **ਨੈਤਿਕ ਚਰਿੱਤਰ** ਦੀ ਘੋਸ਼ਣਾ ਵੀ ਕਰਦਾ ਹੈ ਜਿਸ ਨੇ ਉਸ ਨੂੰ ਪਰਮੇਸ਼ੁਰ ਦੇ ਮਕਸਦ ਦੇ **ਯੋਗ** ਬਣਾਇਆ।

- ਬਚਨ ਸਾਨੂੰ ਦੱਸਦਾ ਹੈ ਕਿ ਸਾਡਾ **ਨੈਤਿਕ ਚਰਿੱਤਰ** ਅਤੇ ਸਾਡਾ ਜੀਵਨ ਜੀਉਣ ਦਾ ਢੰਗ ਸਾਨੂੰ ਕਿਸੇ ਸੇਵਕਾਈ ਜਾਂ ਨੇਤ੍ਰਤਾ ਤੋਂ **ਅਯੋਗ ਜਾਂ ਅਪਰਵਾਨ** ਕਰ ਸਕਦਾ ਹੈ।

    - ਪੌਲੁਸ ਨੇ ਕਿਹਾ: ਸਗੋਂ ਆਪਣੇ ਸਰੀਰ ਨੂੰ ਮਾਰਦਾ ਕੁੱਟਦਾ ਅਤੇ ਉਹ ਨੂੰ ਆਪਣੇ **ਵੱਸ ਵਿੱਚ** ਲਿਆਉਂਦਾ ਹਾਂ ਭਈ ਐਉਂ ਨਾ ਹੋਵੇ ਜੋ ਕਿਤੇ ਮੈਂ ਹੋਰਨਾਂ ਨੂੰ ਉਪਦੇਸ਼ ਕਰ ਕੇ ਆਪ **ਅਪਰਵਾਨ** ਹੋ ਜਾਵਾਂ। 1 ਕੁਰਿੰਥੀਆਂ 9:24-27

- ਅਤੇ ਪੌਲੁਸ ਸਾਨੂੰ 2 ਤਿਮੋਥਿਉਸ 2:19-22 ਵਿੱਚ ਆਖਦਾ ਹੈ: ਵੱਡੇ ਘਰ ਵਿੱਚ ਨਿਰੇ ਸੋਨੇ ਚਾਂਦੀ ਦੇ ਹੀ ਭਾਂਡੇ ਨਹੀਂ ਸਗੋਂ ਕਾਠ ਅਤੇ ਮਿੱਟੀ ਦੇ ਭੀ ਹੁੰਦੇ ਹਨ ਅਤੇ ਕਈ ਆਦਰ ਦੇ ਅਤੇ ਕਈ ਨਿਰਾਦਰ ਦੇ ਕੰਮ ਲਈ ਹੁੰਦੇ ਹਨ। ਸੋ ਜੇ ਕੋਈ **ਆਪਣੇ ਆਪਣੇ ਨੂੰ** ਇਨ੍ਹਾਂ ਤੋਂ **ਸ਼ੁੱਧ ਕਰੇ** (ਅਤੇ 1 ਯੂਹੰਨਾ 1:9) ਤਾਂ ਉਹ ਆਦਰ ਦੇ ਕੰਮ ਲਈ ਪਵਿੱਤਰ ਕੀਤਾ ਹੋਇਆ ਮਾਲਿਕ ਦੇ **ਵਰਤਣ ਜੋਗ** ਅਤੇ ਹਰੇਕ ਚੰਗੇ ਕੰਮ ਲਈ **ਤਿਆਰ** ਕੀਤਾ ਹੋਇਆ ਭਾਂਡਾ ਹੋਵੇਗਾ।

- 2 ਇਤਹਾਸ 16:9 **ਯਹੋਵਾਹ ਦੀਆਂ ਅੱਖਾਂ** ਤਾਂ ਸਾਰੀ ਧਰਤੀ ਉੱਤੇ ਫਿਰਦੀਆਂ ਹਨ ਤਾਂ ਜੋ ਉਹ ਉਨ੍ਹਾਂ ਦੀ **ਸਹਾਇਤਾ** ਲਈ ਜਿਨ੍ਹਾਂ ਦਾ **ਦਿਲ ਉਸ ਉੱਤੇ ਪੂਰਨ ਨਿਹਚਾ ਰੱਖਦਾ ਹੈ**।

ਉਸ ਦਾ **ਨੈਤਿਕ ਚਰਿੱਤਰ** ਪਰਮੇਸ਼ੁਰ ਦੇ ਲਈ ਜਨੂੰਨ ਦਾ ਨਤੀਜਾ ਸੀ

ਇਹ ਲੋਕਾਂ ਦੀ ਕਿਸਮ ਹੈ ਜਿਨ੍ਹਾਂ ਨੂੰ ਪਰਮੇਸ਼ੁਰ ਭਾਲਦਾ ਹੈ ਅਤੇ ਜਿਨ੍ਹਾਂ ਦੀ ਸੰਸਾਰ ਨੂੰ ਲੋੜ ਹੈ।

(28) ਅਤੇ ਉਸ ਨੇ ਉਹ ਦੇ ਕੋਲ ਅੰਦਰ ਆਣ ਕੇ ਕਿਹਾ, ਵਧਾਇਓਂ ਜਿਹ ਦੇ ਉੱਤੇ **ਕਿਰਪਾ ਹੋਈ**! **ਪ੍ਰਭੂ ਤੇਰੇ ਨਾਲ ਹੈ।**

- ਪਰਮੇਸ਼ੁਰ ਦੇ ਪੁੱਤਰ ਮਸੀਹਾ ਦੀ ਮਾਤਾ ਹੋਣ ਦੇ ਲਈ ਚੁਣੇ ਜਾਣ ਲਈ, ਉਸ ਉੱਤੇ ਸੱਚਮੁੱਚ **ਵੱਡੀ ਕਿਰਪਾ ਹੋਈ।**

- **ਪ੍ਰਭੂ ਤੇਰੇ ਨਾਲ ਹੈ: ਉਹ ਤੁਹਾਡੇ ਨਾਲ** ਵੀ ਅਤੇ **ਤੁਹਾਡੇ ਵਿੱਚ** ਵੀ ਹੈ
  ਜੇਕਰ ਪਰਮੇਸ਼ੁਰ ਤੁਹਾਡੇ ਨਾਲ ਹੈ, ਸਭ ਕੁਝ ਸੰਭਵ ਹੈ! ਯਿਸੂ ਨੇ ਕਿਹਾ:
  ਮੈਂ **ਤੈਨੂੰ ਕਦੇ ਨਾ ਛੱਡਾਂਗਾ**, ਨਾ **ਕਦੇ ਤੈਨੂੰ ਤਿਆਗਾਂਗਾ**। ਇਬਰਾਨੀਆਂ 13:5

(29) ਪਰ ਉਹ ਇਸ ਬਚਨ ਤੋਂ **ਬਹੁਤ ਘਬਰਾਈ** ਅਰ ਸੋਚਣ ਲੱਗੀ ਜੋ ਇਹ ਕਿਹੋ ਜਿਹੀ ਵਧਾਈ ਹੈ? (30) ਦੂਤ ਨੇ ਉਹ ਨੂੰ ਆਖਿਆ, ਹੇ ਮਰਿਯਮ ਨਾ ਡਰ ਕਿਉਂ ਜੋ **ਤੇਰੇ ਉੱਤੇ ਪਰਮੇਸ਼ੁਰ ਦੀ ਕਿਰਪਾ ਹੋਈ**।

- ਜ਼ਿਬਰਾਏਲ ਹੁਣ ਦੋ ਵਾਰ ਮਰਿਯਮ ਉੱਤੇ ਪਰਮੇਸ਼ੁਰ ਦੀ **ਕਿਰਪਾ** ਦੀ ਘੋਸ਼ਣਾ ਕਰ ਚੁੱਕਾ ਹੈ।

- ਮਰਿਯਮ ਦੇ ਚਰਿੱਤਰ ਨੇ ਉਸ ਨੂੰ **ਵੱਡੀ ਕਿਰਪਾ ਦੇ ਸਥਾਨ** ਉੱਤੇ ਰੱਖਿਆ।

- ਆਪਣੇ ਜੀਵਨ ਨਾਲ ਜੋ ਸਭ ਤੋਂ **ਕੀਮਤੀ** ਚੀਜ਼ ਜੋ ਤੁਸੀਂ ਕਰ ਸਕਦੇ ਹੋ ਉਹ ਹੈ **ਪਰਮੇਸ਼ੁਰ ਦੀ ਕਿਰਪਾ ਦੇ ਮਗਰ ਲੱਗਣਾ।**

(31) ਅਤੇ ਵੇਖ ਤੂੰ ਗਰਭਵੰਤੀ ਹੋਵੇਂਗੀ ਅਰ ਪੁੱਤਰ ਜਣੇਂਗੀ ਅਤੇ **ਉਹ ਦਾ ਨਾਮ ਯਿਸੂ ਰੱਖਣਾ**।

- ਨਿਸ਼ਚਿਤ ਉਹ ਹੁਣ ਇਸ ਵਿੱਚ ਘਬਰਾਈ ਹੋਈ ਹੈ, ਉਸ ਦਾ ਵਿਆਹ ਨਹੀਂ ਹੋਇਆ ਹੈ।
- ਅਤੇ ਜਿਵੇਂ ਰੀਤ ਸੀ, **ਉਸ ਦੇ ਪਿਤਾ ਨੇ ਉਸ ਦਾ ਨਾਮ ਰੱਖਿਆ:** ਯਿਸੂ।

ਤੁਹਾਡੇ ਪਿਤਾ ਨੇ ਵੀ ਤੁਹਾਨੂੰ ਇੱਕ ਨਵਾਂ ਨਾਮ ਦਿੱਤਾ ਹੈ।

(ਪਰਕਾਸ਼ ਦੀ ਪੋਥੀ 2:17; ਯਸਾਯਾਹ 43:1; 62:2; 65:15)

(32) ਉਹ **ਮਹਾਨ** ਹੋਵੇਗਾ, ਅਤੇ **ਅੱਤ ਮਹਾਨ ਦਾ ਪੁੱਤਰ** ਸਦਾਵੇਗਾ, ਅਤੇ ਪ੍ਰਭੂ ਪਰਮੇਸ਼ੁਰ ਉਹ ਦੇ ਪਿਤਾ ਦਾਊਦ ਦਾ ਤਖ਼ਤ ਉਹ ਨੂੰ ਦੇਵੇਗਾ। (33) ਉਹ **ਜੁੱਗੋ ਜੁੱਗ** ਯਾਕੂਬ ਦੇ ਘਰਾਣੇ ਉੱਤੇ ਰਾਜ ਕਰੇਗਾ, ਅਤੇ ਉਹ ਦੇ ਰਾਜ ਦਾ ਅੰਤ ਨਾ ਹੋਵੇਗਾ।

- ਦਾਊਦ ਨਾਲ ਵਾਅਦੇ ਨੂੰ ਪੂਰਾ ਕਰਨਾ: ਸਗੋਂ ਤੇਰਾ **ਟੱਬਰ** ਅਤੇ ਤੇਰਾ **ਰਾਜ** ਸਦੀਪਕ ਤੋੜੀ ਤੇਰੇ ਅੱਗੇ ਪੱਕਾ ਰਹੇਗਾ। ਤੇਰੀ **ਰਾਜ ਗੱਦੀ ਸਦਾ** ਅਟੱਲ ਰਹੇਗੀ।

2 ਸਮੂਏਲ 7:16-17

- ਅਤੇ ਇਸ ਭਵਿੱਖਬਾਣੀ ਨੂੰ ਪੂਰਾ ਕਰਨਾ: ਯਸਾਯਾਹ 9:6-7
  ਸਾਡੇ ਲਈ ਤਾਂ ਇੱਕ **ਬਾਲਕ ਜੰਮਿਆ**, ਅਤੇ ਸਾਨੂੰ ਇੱਕ **ਪੁੱਤਰ ਬਖ਼ਸ਼ਿਆ ਗਿਆ,**

  "ਬਾਲਕ" ਦੀ ਜਨਮ ਸਮੇਂ ਇੱਕ ਸ਼ੁਰੂਆਤ ਹੁੰਦੀ ਹੈ। ਪਰ "ਪੁੱਤਰ ਦਿੱਤਾ ਜਾਵੇਗਾ" ਘੋਸ਼ਣਾ ਕਰਦਾ ਹੈ ਕਿ ਪੁੱਤਰ ਪਹਿਲਾਂ ਹੀ ਹੈ।

ਰਾਜ ਉਹ ਦੇ ਮੋਢੇ ਉੱਤੇ ਹੋਵੇਗਾ, ਅਤੇ ਉਹ ਦਾ ਨਾਮ ਇਉਂ ਸੱਦਿਆ ਜਾਵੇਗਾ, "ਅਚਰਜ ਸਲਾਹੂ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜ ਕੁਮਾਰ"। (7) ਉਹ ਦੇ ਰਾਜ ਦੀ ਤਰੱਕੀ, ਅਤੇ **ਸਲਾਮਤੀ** ਦੀ **ਕੋਈ ਹੱਦ ਨਾ** ਹੋਵੇਗੀ, **ਦਾਊਦ ਦੀ ਰਾਜ-ਗੱਦੀ ਉੱਤੇ**, ਅਤੇ ਉਹ ਦੀ **ਪਾਤਸ਼ਾਹੀ** ਉੱਤੇ, ਭਈ ਉਹ ਉਸ ਨੂੰ ਕਾਇਮ ਕਰੇ, ਅਤੇ **ਨਿਆਉਂ** ਤੇ **ਧਰਮ** ਨਾਲ ਉਸ ਨੂੰ **ਹੁਣ ਤੋਂ ਜੁੱਗੋ ਜੁੱਗ** ਸੰਭਾਲੇ। ਸੈਨਾਂ ਦੇ ਯਹੋਵਾਹ ਦੀ ਅਣਖ ਏਹ ਕਰੇਗੀ।

(34) ਤਦ ਮਰਿਯਮ ਨੇ ਦੂਤ ਨੂੰ ਆਖਿਆ, ਇਹ ਕਿੱਕੁਰ ਹੋਵੇਗਾ ਜਦ **ਮੈਂ ਪੁਰਸ਼ ਨੂੰ ਨਹੀਂ ਜਾਣਦੀ**।

- ਮਰਿਯਮ ਘਬਰਾਈ ਹੋਈ ਸੀ ਅਤੇ ਉਸ ਨੇ ਇੱਕ ਜਾਇਜ਼ ਅਤੇ ਸਪੱਸ਼ਟੀਕਰਣ ਦਾ ਪ੍ਰਸ਼ਨ ਪੁੱਛਿਆ। ਬੱਚੇ ਦੇ ਗਰਭ ਵਿੱਚ ਆਉਣ ਲਈ ਇੱਕੋ ਰਾਸਤਾ ਸੀ ਜਿਸ ਲਈ ਮਰਦ ਅਤੇ ਔਰਤ ਦੀ ਲੋੜ ਸੀ।

(35) ਦੂਤ ਨੇ ਉਸ ਨੂੰ ਉੱਤਰ ਦਿੱਤਾ ਕਿ **ਪਵਿੱਤਰ ਆਤਮਾ ਤੇਰੇ ਉੱਪਰ** ਆਵੇਗਾ ਅਰ **ਅੱਤ ਮਹਾਨ** ਦੀ **ਕੁਦਰਤ** ਤੇਰੇ ਉੱਤੇ ਛਾਇਆ ਕਰੇਗੀ **ਇਸ ਕਰਕੇ** ਜਿਹੜਾ ਜੰਮੇਗਾ ਉਹ **ਪਵਿੱਤਰ** ਅਤੇ **ਪਰਮੇਸ਼ੁਰ ਦਾ ਪੁੱਤਰ** ਕਹਾਵੇਗਾ।

- ਉਸ ਦੇ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ, "ਇਸੇ ਤਰ੍ਹਾਂ ਮਰਿਯਮ ਤੂੰ ਜਾਣੇਂਗੀ, ਤੂੰ **ਮਰਦ ਤੋਂ ਬਿਨ੍ਹਾਂ** ਗਰਭਵਤੀ ਹੋਵੇਂਗੀ"।

ਜਦੋਂ **ਪਵਿੱਤਰ ਆਤਮਾ** ਤੁਹਾਡੇ ਉੱਤੇ ਆਉਂਦਾ ਹੈ, ਤਾਂ **ਸਰਬ ਉੱਚ** ਦੀ **ਸਮਰੱਥਾ** ਜੋ ਉਹ ਚਾਹੁੰਦਾ ਹੈ ਕਰ ਸਕਦੀ ਹੈ - ਇੱਕ ਨਵਾਂ ਜਨਮ, ਇੱਕ ਨਵੀਂ ਸਰਿਸ਼ਟੀ, ਚੰਗਾਈ, ਨਵੀਆਂ ਅੱਖਾਂ, ਨਵੇਂ ਅੰਗ, ਭਵਿੱਖਬਾਣੀ, ਨਵੀਂ ਭਾਸ਼ਾ, . . ਜੋ ਵੀ ਉਹ ਚਾਹੁੰਦਾ ਹੈ।

ਇਹ ਸਭ ਸਪੱਸ਼ਟ ਰੂਪ ਵਿੱਚ ਨਿਸ਼ਚਿਤ ਘੋਸ਼ਣਾ ਕਰਦਾ ਹੈ ਕਿ:

- ਯਿਸੂ ਮਸੀਹ **ਪਰਮੇਸ਼ੁਰ ਦਾ ਪੁੱਤਰ** ਹੈ – **ਈਸ਼ੁਰੀ** – ਪਾਪ ਤੋਂ ਰਹਿਤ, ਕੇਵਲ ਇੱਕੋ ਸਵੀਕਾਰਨ ਯੋਗ ਬਲੀਦਾਨ। ਆਦਮ ਤੋਂ ਨਹੀਂ (ਰੋਮੀਆਂ 5:12) "ਆਖਰੀ ਟਿੱਪਣੀ ਵੇਖੋ"

- ਇੱਕ ਮਨੁੱਖ ਜੰਮਿਆ, ਇੱਕ ਔਰਤ ਤੋਂ ਅਤੇ ਇਸ ਲਈ **ਇਨਸਾਨ**।

- ਸਾਡੇ ਲਈ ਤਾਂ ਇੱਕ **ਬਾਲਕ ਜੰਮਿਆ**, ਅਤੇ ਸਾਨੂੰ ਇੱਕ **ਪੁੱਤਰ ਬਖ਼ਸ਼ਿਆ ਗਿਆ**, ਯਸਾਯਾਹ 9:6

ਦੇਹ ਧਾਰਨ ਦਾ ਭੇਤ – ਈਸ਼ੁਰ ਦਾ ਮਨੁੱਖ ਬਣਨਾ

(38) ਤਾਂ ਮਰਿਯਮ ਨੇ ਕਿਹਾ, ਵੇਖ ਮੈਂ ਪ੍ਰਭੂ ਦੀ **ਬਾਂਦੀ** ਹਾਂ, **ਮੇਰੇ ਨਾਲ ਤੇਰੇ ਆਖੇ ਅਨੁਸਾਰ ਹੋਵੇ**। ਤਦ ਦੂਤ ਉਹ ਦੇ ਕੋਲੋਂ ਚੱਲਿਆ ਗਿਆ।

ਇੱਕ ਕਿਸ਼ੋਰ ਦਾ ਪਰਿਵਾਰ, ਆਪਣੇ ਭਰਾਵਾਂ ਅਤੇ ਆਪਣੇ ਪਿੰਡ ਵੱਲੋਂ ਗਲਤਫ਼ਹਿਮੀ ਅਤੇ ਰੱਦੀਕਰਣ ਦਾ ਸਾਹਮਣਾ ਕਰਨਾ, ਇਹ ਜਾਣਦੇ ਹੋਏ ਕਿ ਇੱਕ ਜਵਾਨ ਔਰਤ ਵਿਆਹ ਤੋਂ ਬਿਨ੍ਹਾਂ ਗਰਭਵਤੀ ਹੈ, ਦਾ ਨਤੀਜਾ ਪਥਰਾਓ ਕਰਨਾ ਹੋ ਸਕਦਾ ਹੈ . . . . (ਬਿਵਸਥਾਸਾਰ 22:22-24)।

ਅਤੇ ਫਿਰ ਵੀ **ਬਿਨ੍ਹਾਂ ਝਿਜਕ ਦੇ, ਉਹ ਸਹਿਮਤ ਹੁੰਦੀ ਹੈ** ਅਤੇ **ਆਪਣੀ ਦੇਹੀ** ਨੂੰ ਜੀਉਂਦਾ ਅਤੇ **ਪਵਿੱਤਰ** ਅਤੇ ਪਰਮੇਸ਼ੁਰ ਨੂੰ **ਭਾਉਂਦਾ** ਬਲੀਦਾਨ ਕਰਕੇ **ਚੜ੍ਹਾਉਂਦੀ ਹੈ।** ਰੋਮੀਆਂ 12:1

ਇਹ ਵੱਡਾ ਵਿਸ਼ਵਾਸ ਹੈ। ਪੂਰਾ ਭਰੋਸਾ। ਆਪਣੇ ਜੀਵਨ ਲਈ ਪਰਮੇਸ਼ੁਰ ਦੀ ਇੱਛਾ ਪ੍ਰਤੀ ਪੂਰਾ ਸਮਰਪਣ।
**ਸਾਡੇ ਸਾਰਿਆਂ ਦੇ ਮਹੱਤਵ ਦੇਣ ਲਈ ਅਤੇ ਪਹੁੰਚਣ ਲਈ ਇੱਕ ਉੱਚ ਨਿਸ਼ਾਨ।**

---

ਪਰਮੇਸ਼ੁਰ ਇਸ ਤਰ੍ਹਾਂ ਦੇ ਜਵਾਨਾਂ ਨੂੰ ਭਾਲਦਾ ਹੈ, ਮਰਦਾਂ ਅਤੇ ਔਰਤਾਂ ਨੂੰ, ਜਿਨ੍ਹਾਂ ਦਾ ਨੈਤਿਕ ਚਰਿੱਤਰ ਮਰਿਯਮ ਵਰਗਾ ਹੋਵੇ ਅਤੇ ਜੋ ਉਸ ਨੂੰ ਆਪਣੀਆਂ ਦੇਹੀਆਂ ਨੂੰ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਉਣ, ਲੋੜ ਪੈਣ 'ਤੇ ਦੋਸਤਾਂ ਵੱਲੋਂ ਇਨਕਾਰ ਦਾ ਸਾਹਮਣਾ ਕਰਨ ਦੇ ਇੱਛੁਕ ਹੋਣ।

---

ਮਰਿਯਮ **ਆਪਣੇ ਜੀਵਨ ਉੱਤੇ ਉਸ ਦੀ ਪ੍ਰਭੂਤਾ** ਦੇ ਸੱਚੇ ਅਰਥ ਨੂੰ ਪਰਗਟ ਕਰਦੀ ਹੈ: ਮੈਂ ਪ੍ਰਭੂ ਦੀ **ਬਾਂਦੀ** ਹਾਂ ਜੋ ਕਿ ਯੂਨਾਨੀ doulos (ਅੰਗਰੇਜ਼ੀ – doulos) ਦਾ ਸ਼ਾਬਦਿਕ ਅਨੁਵਾਦ ਹੈ।
(NIV ਇਸ ਦਾ ਅਨੁਵਾਦ ਸੇਵਕ ਕਰਦਾ ਹੈ)

ਇੱਕ **ਗੁਲਾਮ** ਅਤੇ **ਸੇਵਕ** ਦੇ ਵਿੱਚ ਅੰਤਰ ਹੁੰਦਾ ਹੈ।

- ਇੱਕ **ਸੇਵਕ ਉਸ ਦੁਆਰਾ ਖ਼੍ਰੀਦਿਆ ਨਹੀਂ ਹੁੰਦਾ** ਜਿਸ ਦੀ ਉਹ ਸੇਵਾ ਕਰਦਾ ਹੈ।
- **ਗੁਲਾਮ** ਆਪਣੇ ਮਾਲਕ ਦੁਆਰਾ **ਖ਼੍ਰੀਦਿਆ ਗਿਆ ਹੁੰਦਾ ਹੈ।** ਮਰਿਯਮ ਉਸ ਦੀ ਪ੍ਰਭੂਤਾ ਦੀ ਪੁਸ਼ਟੀ ਕਰਦੀ ਹੈ।

ਯੂਨਾਨੀ ਸ਼ਬਦ ਇਸ ਅੰਤਰ ਨੂੰ ਸਪੱਸ਼ਟ ਕਰਦਾ ਹੈ।

ਯੂਨਾਨੀ ਸ਼ਬਦ ਜਿਨ੍ਹਾਂ ਦਾ ਅਰਥ **ਸੇਵਕ** ਹੈ: paidos ਅਤੇ diakovos – ਸੇਵਕ ਜਾਂ ਡੀਕਨ। **ਗੁਲਾਮ** ਲਈ ਯੂਨਾਨੀ ਸ਼ਬਦ ਇਹ ਹੈ: **doulos**।

ਜੇਕਰ ਅਸੀਂ ਇਨ੍ਹਾਂ ਸ਼ਬਦਾਂ ਦਾ ਧਿਆਨ ਨਾਲ ਅਨੁਵਾਦ ਕਰਦੇ ਹਾਂ ਤਾਂ ਇੱਥੇ ਇੱਕ ਸੁੰਦਰ ਸਬਕ ਹੈ।

**ਗੁਲਾਮ** (doulos) **ਬਿਵਸਥਾਸਾਰ** 15:12–17 ਦਾ ਹਵਾਲਾ ਦਿੰਦਾ ਹੈ
ਜੇ ਤੁਹਾਡਾ ਇਬਰਾਨੀ ਭਰਾ ਅਥਵਾ ਕੋਈ ਇਬਰਾਨਣ ਤੁਹਾਡੇ ਕੋਲ ਵੇਚੀ ਜਾਵੇ ਅਤੇ ਉਹ ਤੁਹਾਡੀ ਛੇ ਵਰਹੇ **ਸੇਵਾ ਕਰੇ** ਤਾਂ ਸੱਤਵੇਂ ਵਰਹੇ ਤੁਸੀਂ ਉਸ ਨੂੰ ਆਪਣੀ ਵੱਲੋਂ ਅਜ਼ਾਦ ਕਰ ਦਿਓ . . . (16) ਤਾਂ ਐਉਂ ਹੋਵੇਗਾ ਕਿ ਜੇ ਉਹ ਤੁਹਾਨੂੰ ਆਖੇ ਕਿ **ਮੈਂ ਤੁਹਾਡੇ ਕੋਲੋਂ ਨਹੀਂ ਜਾਵਾਂਗਾ ਕਿਉਂ ਜੋ ਉਹ ਤੁਹਾਡੇ ਨਾਲ ਅਤੇ ਤੁਹਾਡੇ ਘਰਾਣੇ ਨਾਲ ਏਸ ਲਈ ਪ੍ਰੇਮ ਕਰਦਾ ਹੈ ਕਿ ਤੁਹਾਡੇ ਸੰਗ ਉਸ ਦਾ ਭਲਾ ਹੈ।** (17) ਤਾਂ ਤੁਸੀਂ **ਆਰ** ਲੈ ਕੇ **ਉਸ ਦੇ ਕੰਨ ਨੂੰ** ਚੁਗਾਠ ਨਾਲ **ਵਿੰਨ੍ਹ** ਦਿਓ ਤਾਂ **ਉਹ ਸਦਾ ਤੀਕ ਤੁਹਾਡਾ ਗੁਲਾਮ** (ਇੱਕ ਗੁਲਾਮ) **ਰਹੇਗਾ**, ਨਾਲੇ ਤੁਸੀਂ ਆਪਣੀ **ਗੌਲੀ** ਨਾਲ ਵੀ ਏਵੇਂ ਹੀ ਕਰੋ।

ਕਿਰਪਾ ਕਰਕੇ ਧਿਆਨ ਦੇਵੋ – ਇਸ ਆਇਤ ਵਿੱਚ **ਸੇਵਕ** ਨਿਰਧਾਰਿਤ ਕਰਦਾ ਹੈ ਕਿ ਉਹ **ਗੁਲਾਮ** ਬਣਨਾ ਚਾਹੁੰਦਾ ਹੈ ਜਾਂ ਆਪਣੇ ਮਾਲਕ ਦਾ **ਸੇਵਕ ਬਣਿਆ ਰਹਿਣਾ** ਚਾਹੁੰਦਾ ਹੈ। ਅਸੀਂ ਫੈਸਲਾ ਲੈਂਦੇ ਹਾਂ।

ਇਹੋ ਹੈ ਜੋ ਮਰਿਯਮ ਪਰਮੇਸ਼ੁਰ ਨੂੰ ਆਖਦੀ ਹੈ। ਵੇਖ ਮੈਂ ਪ੍ਰਭੂ ਦੀ **ਬਾਂਦੀ** ਹਾਂ, **ਮੇਰੇ ਨਾਲ ਤੇਰੇ ਆਖੇ ਅਨੁਸਾਰ ਹੋਵੇ**।

- ਸਾਡੇ ਵਿੱਚੋਂ ਹਰੇਕ ਨੂੰ ਬੋਲ ਕੇ ਇਹੋ ਸਮਰਪਣ ਕਰਨ ਦੀ ਲੋੜ ਹੈ . . .

**ਉਹ ਆਪਣੇ ਜੀਵਨ ਨੂੰ ਉਸ ਦੀ ਇੱਛਾ ਲਈ ਸਮਰਪਣ ਕਰਦੀ ਹੈ**, ਇਹ ਨਾ ਜਾਣਦੇ ਹੋਏ ਕਿ ਯੂਸੁਫ਼, ਉਸ ਦੇ ਮਾਤਾ-ਪਿਤਾ ਜਾਂ ਪਿੰਡ ਵਾਲੇ ਕੀ ਆਖਣਗੇ।

ਇਹ ਇਸ ਦਾ ਸੱਚਾ ਅਰਥ ਹੈ ਤੇਰਾ ਰਾਜ ਆਵੇ,ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ। (ਮੱਤੀ 6:10; ਲੂਕਾ 11:2) ਸੱਚਮੁੱਚ ਇਸ ਪ੍ਰਾਰਥਨਾ ਨੂੰ ਕਰਨ ਲਈ, ਅਸੀਂ ਆਪਣੇ ਆਪ ਨੂੰ ਪਰਮੇਸ਼ੁਰ ਦੇ ਸੇਵਕ ਹੋਣ ਲਈ ਨਹੀਂ ਸਗੋਂ ਗੁਲਾਮ ਹੋਣ ਲਈ ਸਮਰਪਣ ਕਰਦੇ ਹਾਂ।

**ਇਹ ਪਰਮੇਸ਼ੁਰ ਦੇ ਲਈ ਪੂਰਾ ਸਮਰਪਣ ਹੈ** ਮੇਰੀ ਇੱਛਾ, ਮੇਰੀ ਮਰਜ਼ੀ, ਮੇਰੀਆਂ ਲੋੜਾਂ, ਮੇਰੀਆਂ ਯੋਜਨਾਵਾਂ ਦੀ ਪਰਵਾਹ ਕੀਤੇ ਬਿਨ੍ਹਾਂ, ਭਾਵੇਂ ਇਹ ਮੁਸ਼ਕਿਲ ਜਾਂ ਅਸਾਨ ਹੋਵੇ, ਇੱਥੋਂ ਤੱਕ ਕਿ ਮੌਤ ਤੀਕ ਵੀ।

ਪੂਰੇ ਸਮਰਪਣ ਅਤੇ ਆਗਿਆਕਾਰੀ ਦਾ ਇਹ ਰਵੱਈਆ ਪਰਿਵਾਰ ਵਿੱਚ ਹੈ।

ਮਰਿਯਮ ਦੇ ਪੁੱਤਰ ਨੇ ਵੀ ਅਜਿਹਾ ਹੀ ਕੀਤਾ, ਉਸ ਨੇ ਪੂਰੀ ਤਰ੍ਹਾਂ ਆਪਣੇ ਪਿਤਾ ਦੇ ਅੱਗੇ ਸਮਰਪਣ ਕੀਤਾ। ਅਤੇ ਪਰਿਵਾਰ ਦੇ ਵਿੱਚ ਹੁੰਦੇ ਹੋਏ, ਸਾਨੂੰ ਵੀ ਅਜਿਹਾ ਹੀ ਕਰਨ ਲਈ ਆਖਿਆ ਗਿਆ ਹੈ:

ਫਿਲਿੱਪੀਆਂ 2:5-11 **ਤੁਹਾਡਾ ਉਹੋ ਸੁਭਾਉ ਹੋਵੇ** ਜੋ ਮਸੀਹ ਯਿਸੂ ਦਾ ਭੀ ਸੀ

- **ਪਰ ਮਸੀਹ ਦੀ ਬੁੱਧੀ ਸਾਡੇ ਵਿੱਚ ਹੈ।** (1 ਕੁਰਿੰਥੀਆਂ 2:16) ਕਿਉਂਕਿ **ਮਸੀਹ ਮੇਰੇ ਵਿੱਚ ਜੀਉਂਦਾ ਹੈ** (ਗਲਾਤੀਆਂ 2:20)

- **ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ . . . ਤੁਸੀਂ ਆਪਣੇ ਆਪ ਦੇ ਨਹੀਂ ਹੋ। ਤੁਸੀਂ ਤਾਂ** ਮੁੱਲ ਨਾਲ **ਲਏ ਹੋਏ ਹੋ, ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ।** 1 ਕੁਰਿੰਥੀਆਂ 6:19-20 ਜਿਵੇਂ ਮਰਿਯਮ ਨੇ ਕੀਤਾ
- ਪਰ **ਇਹ ਖ਼ਜ਼ਾਨਾ** (ਯਿਸੂ ਮਸੀਹ ਦਾ ਪਵਿੱਤਰ ਆਤਮਾ) **ਸਾਡੇ ਕੋਲ ਮਿੱਟੀ ਦਿਆਂ ਭਾਂਡਿਆਂ ਵਿੱਚ ਹੈ** ਤਾਂ ਜੋ ਇਸ ਸਮਰੱਥਾ ਦਾ ਅੱਤ ਵੱਡਾ ਮਹਾਤਮ ਪਰਮੇਸ਼ੁਰ ਦੀ ਵੱਲੋਂ, ਨਾ ਸਾਡੀ ਵੱਲੋਂ, ਮਲੂਮ ਹੋਵੇ। 2 ਕੁਰਿੰਥੀਆਂ 4:7

- ਜਦੋਂ ਤੁਸੀਂ ਵਿਸ਼ਵਾਸ ਕੀਤਾ, ਤੁਸੀਂ ਗਰਭ ਵਿੱਚ ਆਏ ਅਤੇ ਨਾਸਵਾਨ **ਤੁਖਮ** ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ **ਬਚਨ** ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ ਪਰਮੇਸ਼ੁਰ ਦਾ ਬਚਨ ਤੁਹਾਡੇ ਵਿੱਚ ਪਾਇਆ ਗਿਆ (1 ਪਤਰਸ 1:23)।

- ਯਿਸੂ ਮਸੀਹ ਦਾ ਪਵਿੱਤਰ ਆਤਮਾ **ਸਾਡੇ ਵਿੱਚ ਜੰਮਿਆ।**

- ਅਤੇ: "**ਪਰਮੇਸ਼ੁਰ ਪ੍ਰੇਮ ਹੈ**"। **ਪਿਆਰ ਸਾਡੇ ਵਿੱਚ ਜੰਮਿਆ।** (1 ਯੂਹੰਨਾ 3:22-23; 4:15-17)

ਅਤੇ ਹੁਣ, ਕਿਉਂਕਿ: **ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰ ਲੈਂਦਾ ਹੈ** (2 ਕੁਰਿੰਥੀਆਂ 5:14)

ਮੈਂ ਧੀਰਜਵਾਨ ਹਾਂ �ਮੈਂ ਕਿਰਪਾਲੂ ਹਾਂ ਮੈਂ ਖੁਣਸ ਨਹੀਂ ਕਰਦਾ ਮੈਂ ਫੁੱਲਦਾ ਨਹੀਂ

ਮੈਂ ਫੂੰ ਫੂੰ ਨਹੀਂ ਕਰਦਾ ਮੈਂ ਕੁਚੱਜਿਆਂ ਨਹੀਂ ਕਰਦਾ ਮੈਂ ਆਪ ਸੁਆਰਥੀ ਨਹੀਂ ਮੈਂ ਚਿੜ੍ਹਦਾ ਨਹੀਂ

ਮੈਂ ਬੁਰਾ ਨਹੀਂ ਮੰਨਦਾ ਮੈਂ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਮੈਂ ਸਚਿਆਈ ਨਾਲ ਅਨੰਦ ਹੁੰਦਾ ਹੈ।

ਮੈਂ ਸਭ ਕੁਝ ਝੱਲ ਲੈਂਦਾ ਹਾਂ ਮੈਂ ਸਭਨਾਂ ਗੱਲਾਂ ਦੀ ਪਰਤੀਤ ਕਰਦਾ ਹਾਂ ਮੈਂ ਸਭਨਾਂ ਗੱਲਾਂ ਦੀ ਆਸ ਰੱਖਦਾ ਹਾਂ

ਮੈਂ ਸਭ ਕੁਝ ਸਹਿ ਲੈਂਦਾ ਹਾਂ ਮੇਰਾ ਪ੍ਰੇਮ ਕਦੇ ਟਲਦਾ ਨਹੀਂ। 1 ਕੁਰਿੰਥੀਆਂ 13:4-8

ਭਾਂਡਿਆਂ ਦੇ ਵਾਂਗ – ਪਵਿੱਤਰ ਆਤਮਾ ਨਾਲ ਭਰੇ ਹੋਏ – ਸਾਨੂੰ ਪ੍ਰਭੂ ਯਿਸੂ ਮਸੀਹ ਅਤੇ ਲੋਕਾਂ ਲਈ ਉਸ ਦੇ ਪ੍ਰੇਮ ਅਤੇ ਉਸ ਦੀ ਸਮਰੱਥਾ ਨੂੰ ਇਜਾਜ਼ਤ ਦੇਣੀ ਹੈ ਕਿ ਉਹ ਹਰ ਜਗ੍ਹਾਂ ਜਿੱਥੇ ਅਸੀਂ ਜਾਂਦੇ ਹਾਂ ਅਤੇ ਜਿਸ ਨੂੰ ਵੀ ਅਸੀਂ ਮਿਲਦੇ ਹਾਂ ਉੱਥੇ ਜਾਣਿਆ ਜਾਵੇ ਅਤੇ ਵੇਖਿਆ ਜਾਵੇ।

ਜਿੰਨੇ ਇਸ ਨੂੰ ਸਵੀਕਾਰ ਕਰਨ ਉਨ੍ਹਾਂ ਨੂੰ ਪਿਆਰ ਅਤੇ ਜੀਵਨ ਦਾ ਦਾਨ ਦੇਣਾ।

ਜਦੋਂ ਅਸੀਂ ਉਸ ਦੇ ਜੀਵਨ ਨੂੰ ਆਪਣੇ ਵਿੱਚ **ਪੂਰੀ ਤਰ੍ਹਾਂ ਕਬੂਲ ਕਰਦੇ** ਹਾਂ, ਜਿਸ ਦੇ ਲਈ ਸਾਡੇ ਵੱਲੋਂ ਕੁਝ ਕੰਮ ਕਰਨ ਦੀ ਲੋੜ ਹੈ: ਭਈ ਤੁਸੀਂ ਅਗਲੇ ਚਲਣ ਦੀ ਉਸ **ਪੁਰਾਣੀ ਇਨਸਾਨੀਅਤ** ਨੂੰ **ਲਾਹ ਸੁੱਟੋ** ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ। ਅਤੇ ਆਪਣੇ **ਮਨ ਦੇ ਸੁਭਾਉ** ਵਿੱਚ **ਨਵੇਂ ਬਣੋ** ਅਤੇ **ਨਵੀਂ ਇਨਸਾਨੀਅਤ ਨੂੰ ਪਹਿਨ ਲਓ** ਜਿਹੜੀ ਪਰਮੇਸ਼ੁਰ ਦੇ ਅਨੁਸਾਰ ਸਚਿਆਈ ਦੇ **ਧਰਮ** ਅਤੇ **ਪਵਿੱਤਰਤਾਈ** ਵਿੱਚ ਉਤਪਤ ਹੋਈ।

ਅਫਸੀਆਂ 4:22-24

ਜਦੋਂ ਅਸੀਂ ਉਸ ਦੇ ਜੀਵਨ ਨੂੰ **ਪੂਰੀ ਤਰ੍ਹਾਂ** ਆਪਣੇ ਜੀਵਨ ਵਿੱਚ **ਕਬੂਲ ਕਰਦੇ** ਹਾਂ ਅਤੇ ਉਸ ਦੇ ਸੇਵਕ ਹੋਣ ਦੇ ਰੂਪ ਵਿੱਚ ਉਸ ਦੀ ਪ੍ਰਭੂਤਾ ਦੀ ਪੁਸ਼ਟੀ ਕਰਦੇ ਹਾਂ, ਅਸੀਂ ਇਸ ਤਰ੍ਹਾਂ ਦੇ ਵਿਖਾਈ ਦਿੰਦੇ ਹਾਂ:

**ਫਿਲਿੱਪੀਆਂ 2**

(6) ਉਸ . . . **ਪਰਮੇਸ਼ੁਰ ਦੇ ਤੁੱਲ** ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ।
(7) ਸਗੋਂ ਉਸ ਨੇ ਆਪਣੇ ਆਪ ਨੂੰ **ਸੱਖਣਾ** ਕਰ ਕੇ **ਦਾਸ** ਦਾ ਰੂਪ ਧਾਰਿਆ . . .

- ਇੱਕ ਛੋਟੇ ਢੰਗ ਨਾਲ, ਅਸੀਂ ਆਪਣੇ ਆਪ ਨੂੰ **ਪਰਮੇਸ਼ੁਰ ਦੇ ਤੁੱਲ** ਬਣਾਉਂਦੇ ਹਾਂ ਜਾਂ **ਪਰਮੇਸ਼ੁਰ ਵਰਗੇ** ਬਣਾਉਂਦੇ ਹਾਂ, ਜਦੋਂ ਅਸੀਂ "ਚਾਲਕ ਦੀ ਸੀਟ" ਉੱਤੇ ਹੁੰਦੇ ਹਾਂ ਅਤੇ ਜਦੋਂ ਤੱਕ ਅਸੀਂ **ਆਪਣੇ ਆਪ ਨੂੰ ਸੱਖਣਾ** ਨਹੀਂ

ਕਰਦੇ ਜਾਂ "ਆਪਣੇ ਜੀਵਨ ਦਾ ਸਿੰਘਾਸਣ" ਉਸ ਨੂੰ ਨਹੀਂ ਦਿੰਦੇ।

- ਤਦ, ਅਸੀਂ ਅੱਗੇ ਤੋਂ ਕੁਝ ਬਣਨ ਲਈ ਸੰਘਰਸ਼ ਨਹੀਂ ਕਰਾਂਗੇ . . . ਇੱਕ ਪਦਵੀ ਪਾਉਣ ਲਈ ਕੋਸ਼ਿਸ਼ . . . ਪ੍ਰਮੁੱਖਤਾ ਨੂੰ ਭਾਲਣਾ . . . ਮਹੱਤਤਾ . . . ਮੇਰੇ ਰਾਹ ਨੂੰ ਭਾਲਣਾ ਅਤੇ ਮੇਰੀ ਇੱਛਾ ਪੂਰੀ ਹੋਵੇ। **ਪਰ ਦੂਸਰਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨਾ ਅਤੇ ਉਨ੍ਹਾਂ ਨੂੰ ਸਫ਼ਲ ਬਣਾਉਣ ਦੀ ਕੋਸ਼ਿਸ਼ ਕਰਨਾ।**

- ਅਸੀਂ ਸਹੀ ਹੋਣ ਲਈ ਆਪਣੇ ਅਧਿਕਾਰ ਨੂੰ ਤਿਆਗ ਦੇਵਾਂਗੇ . . . ਆਖਰੀ ਸ਼ਬਦ ਪਾਉਣ ਲਈ . . . ਇੱਕ ਬਹਿਸ ਨੂੰ ਜਿੱਤਣ ਲਈ। ਕੇਵਲ ਸਮਰਪਣ ਕਰੋ, "ਆਪਣੀ ਸਲੀਬ ਚੁੱਕੋ"।

ਇੱਥੇ ਸਾਡੇ ਸਾਰਿਆਂ ਲਈ ਚੰਗੀ ਜੀਵਨ-ਆਇਤ ਹੈ:
ਕਿਉਂ ਜੋ **ਤੁਸੀਂ ਇਸੇ ਕਾਰਨ ਸੱਦੇ ਗਏ** ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ ਦੁੱਖ ਝੱਲ ਕੇ **ਇੱਕ ਨਮੂਨਾ** ਤੁਹਾਡੇ ਲਈ ਛੱਡ ਗਿਆ ਭਈ ਤੁਸੀਂ **ਉਹ ਦੀ ਪੈੜ ਉੱਤੇ ਤੁਰੋ**। ਉਹ ਨੇ **ਕੋਈ ਪਾਪ ਨਹੀਂ** ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ **ਛਲ** ਦੀ ਗੱਲ ਨਿੱਕਲੀ। **ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ** ਅਤੇ **ਦੁੱਖ ਪਾ ਕੇ ਦਬਕਾ ਨਾ ਦਿੰਦਾ ਸੀ** ਸਗੋਂ **ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ** ਜਿਹੜਾ ਜਥਾਰਥ ਨਿਆਉਂ ਕਰਦਾ ਹੈ। 1 ਪਤਰਸ 2:21-24

ਅਤੇ ਯਸਾਯਾਹ 53:7:
ਉਹ **ਸਤਾਇਆ ਗਿਆ** ਤੇ **ਦੁਖੀ ਹੋਇਆ**, ਪਰ **ਓਸ ਆਪਣਾ ਮੂੰਹ ਨਾ ਖੋਲ੍ਹਿਆ** . . ਭੇਡ ਵਾਂਙੁ ਜਿਹੜੀ ਉੱਨ ਕਤਰਨ ਵਾਲਿਆਂ ਦੇ ਅੱਗੇ **ਗੁੰਗੀ** ਹੈ, ਸੋ **ਓਸ ਆਪਣਾ ਮੂੰਹ ਨਾ ਖੋਲ੍ਹਿਆ।**

ਇਹ ਪੂਰੀ ਤਰ੍ਹਾਂ ਤੁਹਾਡੇ ਵਿਆਹ ਨੂੰ ਬਦਲ ਦੇਵੇਗਾ! ਅਤੇ ਜਿਵੇਂ ਤੁਸੀਂ ਹਰੇਕ ਨਾਲ ਮਿਲਦੇ ਹੋ। ਸੁਣਨ ਵਿੱਚ ਕਾਹਲਾ ਅਤੇ ਬੋਲਣ ਵਿੱਚ (ਯਾਕੂਬ 1:19)

ਪਰਮੇਸ਼ੁਰ ਚਾਹੁੰਦਾ ਹੈ ਕਿ **ਆਪਣੇ ਆਪ ਨੂੰ ਸੱਖਣਾ** ਕਰਨ ਦੁਆਰਾ ਅਸੀਂ ਉਹ ਸਭ ਬਣੀਏ ਜੋ ਬਣਨ ਲਈ ਸਾਨੂੰ ਬਣਾਇਆ ਗਿਆ ਹੈ ਅਤੇ **ਉਸ ਨੂੰ ਸਾਡੇ ਵਿੱਚ ਸਾਡੇ ਦੁਆਰਾ ਆਪਣੇ ਜੀਵਨ ਨੂੰ ਜੀਉਣ ਦੀ ਇਜਾਜ਼ਤ ਦਿੰਦੇ ਹੋਏ।**

- ਇਸ ਤਰ੍ਹਾਂ ਕ੍ਰਿਸਮਿਸ ਦਾ ਤੋਹਫ਼ਾ ਵਾਰ-ਵਾਰ ਦਿੱਤਾ ਜਾਵੇਗਾ . . .

ਅਤੇ: **ਦਾਸ** ਦਾ ਰੂਪ ਧਾਰ ਕੇ ਜਿਵੇਂ ਮਰਿਯਮ ਨੇ ਕੀਤਾ।

- ਅਸੀਂ ਪਰਮੇਸ਼ੁਰ ਦੇ **ਦਾਸ** ਹਾਂ ਅਤੇ ਬਾਕੀ ਸਾਰਿਆਂ ਦੇ **ਸੇਵਕ** ਹਾਂ।

- ਆਪਣੀ ਪਤਨੀ/ ਪਤੀ ਅਤੇ ਹਰੇਕ ਲਈ ਸੇਵਕ ਦਾ ਜੀਵਨ ਗੁਜ਼ਾਰੋ।

**ਜਿਵੇਂ** ਮਨੁੱਖ ਦਾ ਪੁੱਤਰ ਆਪਣੀ ਟਹਿਲ ਕਰਾਉਣ ਨਹੀਂ **ਸਗੋਂ ਟਹਿਲ ਕਰਨ**

- ਇਹ ਇਸ ਦਾ ਨਮੂਨਾ ਹੈ ਕਿ ਪਰਮੇਸ਼ੁਰ ਦੇ ਰਾਜ ਵਿੱਚ ਕਿਵੇਂ ਜੀਵਨ ਗੁਜ਼ਾਰਿਆ ਜਾਂਦਾ ਹੈ।
  **ਦੂਸਰਿਆਂ ਦੀ ਸੇਵਾ ਕਰਨ ਅਤੇ ਆਦਰ ਕਰਨ ਲਈ ਆਪਣੇ ਆਪ ਨੂੰ ਸੱਖਣਾ ਕਰਨਾ**

(8) ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ **ਆਪਣੇ ਆਪ ਨੂੰ ਨੀਵਿਆਂ ਕੀਤਾ** ਅਤੇ **ਮੌਤ ਤਾਈਂ** ਸਗੋਂ **ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ।**

- ਯਿਸੂ ਨੇ ਆਪਣੇ ਚੇਲਿਆਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ (ਉਨ੍ਹਾਂ ਵਿੱਚ ਮੈਨੂੰ ਮੇਰਾ ਜੀਵਨ ਜੀਣ ਦੇਵੇ) ਤਾਂ **ਆਪਣੇ ਆਪ ਦਾ ਇਨਕਾਰ ਕਰੇ** ਅਤੇ **ਆਪਣੀ ਸਲੀਬ ਚੁੱਕ ਕੇ** (ਆਪਣੇ ਆਪ ਤੋਂ ਮਰਨਾ) **ਮੇਰੇ ਪਿੱਛੇ ਚੱਲੇ।** ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆ ਦੇਵੇਗਾ ਪਰ ਜਿਹੜਾ ਮੇਰੇ ਲਈ **ਆਪਣੀ ਜਾਨ ਗੁਆਏ** ਉਹ **ਉਸ ਨੂੰ ਲੱਭ ਲਵੇਗਾ।** ਮੱਤੀ 16:24-25

  **ਉਸ ਨੂੰ ਲੱਭ ਲਵੇਗਾ** – ਜਿਸ ਦੇ ਲਈ ਤੁਸੀਂ ਸਿਰਜੇ ਗਏ ਸੀ, ਸ਼ਾਂਤੀ ਨਾਲ ਜੋ ਸਮਝ ਤੋਂ ਪਰੇ ਹੈ ਅਤੇ ਨਾ ਪਰਗਟ ਕਰਨ ਯੋਗ ਅਨੰਦ ਅਤੇ ਮਹਿਮਾ ਨਾਲ ਭਰਪੂਰ।

(9) **ਇਸ ਕਾਰਨ** ਪਰਮੇਸ਼ੁਰ ਨੇ ਵੀ **ਉਸ ਨੂੰ ਅੱਤ ਉੱਚਿਆਂ ਕੀਤਾ**

ਤੁਹਾਡੇ ਵਿੱਚ ਅਜਿਹਾ ਨਾ ਹੋਵੇ ਪਰ ਜੋ ਕੋਈ ਤੁਹਾਡੇ ਵਿੱਚੋਂ **ਵੱਡਾ ਹੋਣਾ** ਚਾਹੇ ਸੋ ਤੁਹਾਡਾ **ਟਹਿਲੂਆ** ਹੋਵੇ। ਅਤੇ ਜੋ ਕੋਈ ਤੁਹਾਡੇ ਵਿੱਚੋਂ **ਸਰਦਾਰ ਬਣਿਆ** ਚਾਹੇ ਸੋ ਤੁਹਾਡਾ **ਕਾਮਾ ਹੋਵੇ**। ਜਿਵੇਂ ਮਨੁੱਖ ਦਾ ਪੁੱਤਰ ਆਪਣੀ ਟਹਿਲ ਕਰਾਉਣ ਨਹੀਂ **ਸਗੋਂ ਟਹਿਲ ਕਰਨ** ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ। ਮੱਤੀ 20:26-28

**ਸਗੋਂ ਟਹਿਲ ਕਰਨ** ਅਤੇ ਦੇਣ **ਤੁਹਾਡਾ ਜੀਵਨ** ਤਾਂ ਕਿ ਯਿਸੂ ਲੋਕਾਂ ਲਈ ਆਪਣੇ ਵੱਡੇ ਪਿਆਰ ਵਿੱਚ ਵੇਖਿਆ ਜਾਵੇ।

ਅਤੇ ਉਸ ਨੂੰ ਉਹ **ਨਾਮ** ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ (10) ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ (11) ਅਤੇ ਹਰ ਜ਼ਬਾਨ **ਪਰਮੇਸ਼ੁਰ ਪਿਤਾ ਦੀ ਵਡਿਆਈ ਲਈ** ਮੰਨ ਲਵੇ **ਜੋ ਯਿਸੂ ਮਸੀਹ ਪ੍ਰਭੂ ਹੈ।**

ਧੰਨਵਾਦ ਹੈ ਪਰਮੇਸ਼ੁਰ ਦਾ ਉਹ ਦੇ **ਉਸ ਦਾਨ ਲਈ ਜਿਹੜਾ ਕਹਿਣ ਤੋਂ ਬਾਹਰ ਹੈ।** 2 ਕੁਰਿੰਥੀਆਂ 9:15

ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ **ਪਿਆਰ ਕੀਤਾ** . . . ਜੋ **ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ** ਤਾਂ ਜੋ **ਹਰੇਕ ਜੋ ਉਸ ਉੱਤੇ ਨਿਹਚਾ ਕਰੇ** ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ। ਯੂਹੰਨਾ 3:16

ਦਾਤ ਅਤੇ ਉਸ ਦੇ ਪੁੱਤਰ ਯਿਸੂ ਮਸੀਹ ਨੂੰ ਦੇਣਾ
ਅੱਜ ਦੇ ਦਿਨ ਤੱਕ ਜਾਰੀ ਹੈ।

ਪਰ ਜਿੰਨਿਆਂ ਨੇ **ਉਸ ਨੂੰ ਕਬੂਲ ਕੀਤਾ** (ਪਰਮੇਸ਼ੁਰ ਦੀ ਪਿਆਰ ਦੀ ਦਾਤ) **ਉਸ ਨੇ** ਉਨ੍ਹਾਂ ਨੂੰ **ਪਰਮੇਸ਼ੁਰ ਦੇ ਪੁੱਤਰ** ਹੋਣ ਦਾ ਹੱਕ **ਦਿੱਤਾ**। ਯੂਹੰਨਾ 1:12

ਕਿੰਨੀ ਅਦਭੁਤ ਦਾਤ !

ਹਰੇਕ ਚੰਗਾ **ਦਾਨ** ਅਤੇ ਹਰੇਕ ਪੂਰਨ **ਦਾਤ ਉਤਾਹਾਂ ਤੋਂ ਹੈ** ਅਤੇ ਜੋਤਾਂ ਦੇ ਪਿਤਾ ਵੱਲੋਂ ਉਤਰ ਆਉਂਦੀ ਹੈ ਯਾਕੂਬ 1:17

ਉਸ ਦੇ ਪੁੱਤਰ ਦੀ ਦਾਤ – ਪਵਿੱਤਰ ਆਤਮਾ ਦੀ ਦਾਤ –
ਆਤਮਾ ਦੀ ਦਾਤ – ਕਿਰਪਾ, ਦਯਾ, ਮਾਫ਼ੀ
ਸ਼ਾਂਤੀ ਦੀ ਦਾਤ . . . ਸਦੀਪਕ ਜੀਵਨ ਦੀ ਦਾਤ . . . ਹਰ
ਸਾਹ ਦੀ ਦਾਤ . . . ਸਾਡੇ ਦਿਲ ਦੀ ਹਰ ਧੜਕਣ . . .

ਜੋ ਸਭ ਕੁਝ ਸਾਡੇ ਕੋਲ ਹੈ . . . ਜੋ ਸਭ ਅਸੀਂ ਹਾਂ . . . ਸਾਡੇ ਲਈ ਸਾਡੇ ਸਵਰਗੀ ਪਿਤਾ ਵੱਲੋਂ ਦਾਤਾਂ ਹਨ।

– ਅਤੇ –

ਸਾਨੂੰ ਪਰਮੇਸ਼ੁਰ ਦਾ ਪਿਆਰ ਦਾ ਦਾਨ ਜੋ ਕਹਿਣ ਤੋਂ ਬਾਹਰ ਹੈ, ਦੂਸਰਿਆਂ ਨੂੰ ਦੇਣ ਵਾਲੇ ਬਣਨ ਦੀ ਆਗਿਆ ਦਿੱਤੀ ਗਈ ਹੈ ਅਤੇ ਸਮਮਰੱਥਾ ਦਿੱਤੀ ਗਈ ਹੈ।

ਮੈਂ ਤੁਹਾਨੂੰ ਦੁਬਾਰਾ ਯਾਦ ਕਰਾਉਂਦਾ ਹਾਂ: ਜਦੋਂ ਤੁਸੀਂ ਵਿਸ਼ਵਾਸ ਕੀਤਾ:

ਅਸੀਂ ਗਰਭ ਵਿੱਚ ਆਏ ਅਤੇ ਨਾਸਵਾਨ **ਤੁਖਮ** ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ **ਬਚਨ** ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ ਪਰਮੇਸ਼ੁਰ ਦਾ ਬਚਨ ਸਾਡੇ ਵਿੱਚ ਲਾਇਆ ਗਿਆ (1 ਪਤਰਸ 1:23)।

ਯਿਸੂ ਮਸੀਹ ਦਾ ਪਵਿੱਤਰ ਆਤਮਾ – ਪ੍ਰਭੂ ਪਰਮੇਸ਼ੁਰ ਸਰਬ ਸ਼ਕਤੀਮਾਨ – ਪਰਮੇਸ਼ੁਰ ਜੋ ਪ੍ਰੇਮ ਹੈ – **ਤੁਹਾਡੇ ਵਿੱਚ ਜੰਮਿਆ।**

ਅਸੀਂ ਉਸ ਨੂੰ ਲਈ ਫਿਰਦੇ ਹਾਂ – ਸਾਡੇ ਵਿੱਚ ਯਿਸੂ ਮਸੀਹ ਦਾ ਪਵਿੱਤਰ ਆਤਮਾ ਹੈ

ਮਰਿਯਮ ਦੇ ਵਾਂਗ ਉਸੇ ਮਿਸ਼ਨ ਨਾਲ – **ਉਸ ਨੂੰ ਇਸ ਸੰਸਾਰ ਨੂੰ ਦੇਣ ਲਈ**

ਯਿਸੂ ਨੇ ਕਿਹਾ: ਜਦ ਤੀਕੁ ਮੈਂ ਜਗਤ ਵਿੱਚ ਹਾਂ **ਮੈਂ ਜਗਤ ਦਾ ਚਾਨਣ ਹਾਂ।** ਯੂਹੰਨਾ 9:5

ਤਦ ਉਸ ਨੇ ਆਪਣੇ ਚੇਲਿਆਂ ਨੂੰ ਆਖਿਆ: **ਤੁਸੀਂ ਜਗਤ ਦੇ ਚਾਨਣ ਹੋ . . .** ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਓਹ ਤੁਹਾਡੇ ਸ਼ੁਭ ਕਰਮ ਵੇਖ ਕੇ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿੱਚ ਹੈ ਵਡਿਆਈ ਕਰਨ। ਮੱਤੀ 5:14-16

ਅਸੀਂ ਵੀ ਮਰਿਯਮ ਵਾਂਗ ਉੱਤਰ ਦੇਈਏ ਵੇਖ ਮੈਂ ਪ੍ਰਭੂ ਦੀ ਬਾਂਦੀ ਹਾਂ, ਮੇਰੇ ਨਾਲ ਤੇਰੇ ਆਖੇ ਅਨੁਸਾਰ ਹੋਵੇ। ਲੂਕਾ 1:38

ਅਤੇ ਅਸੀਂ ਪੁਸ਼ਟੀ ਕਰਦੇ ਹਾਂ ਕਿ ਅਸੀਂ ਵੀ "ਭਾਂਡੇ" ਹੋਣ ਦੇ ਲਈ ਚੁਣੇ ਗਏ ਹਾਂ ਤਾਂ ਕਿ ਤੇਰੇ ਅਨਮੋਲ ਪੁੱਤਰ ਨੂੰ ਚੁੱਕੀਏ ਅਤੇ ਇਸ ਹਨੇਰੇ ਸੰਸਾਰ ਵਿੱਚ ਦੇਈਏ।

ਇਸ ਸਭ ਦੇ ਬਾਰੇ ਕ੍ਰਿਸਮਿਸ ਹੈ।

ਇਸ ਸਭ ਦੇ ਬਾਰੇ ਸਾਡਾ ਜੀਵਨ ਹੈ।

# ਉਸ ਦਾ ਪਿਆਰ ਦਾ ਦਾਨ ਜੋ ਕਹਿਣ ਤੋਂ ਬਾਹਰ ਹੈ

ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ ਜੇ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ!

1 ਯੂਹੰਨਾ 3:1

## ਅਨੰਦ ਮਾਣੋ, ਮਨਾਓ ਅਤੇ ਉਸ ਦੇ ਪਿਆਰ ਦੇ ਦਾਨ ਲਈ ਧੰਨਵਾਦ ਦੇਵੋ – ਉਸ ਦਾ ਪੁੱਤਰ ਯਿਸੂ ਮਸੀਹ।

## ਅਤੇ ਉਸ ਦਾ ਪਿਆਰ ਦਾ ਦਾਨ ਅਤੇ ਜੀਵਨ ਦੂਸਰਿਆਂ ਨੂੰ ਦੇਵੋ।

ਸਭ ਤੋਂ ਵੱਡਾ ਤੋਹਫ਼ਾ ਜੋ ਤੁਸੀਂ ਆਪਣੇ ਪਰਿਵਾਰ, ਪਿਆਰਿਆਂ ਅਤੇ ਦੋਸਤਾਂ ਨੂੰ ਦੇ ਸਕਦੇ ਹੋ ਉਹ ਹੈ . . . ਤੁਸੀਂ ਆਪ . . . ਉਹ ਆਖਦੇ ਹੋਏ ਜਿਵੇਂ ਮਰਿਯਮ ਨੇ ਆਖਿਆ:

ਵੇਖ, ਪ੍ਰਭੂ ਦੀ ਬਾਂਦੀ . . .

---

***ਈਸ਼ੁਰੀ** – ਪਾਪ ਤੋਂ ਰਹਿਤ। ਜੇਕਰ ਉਸ ਦਾ ਸੰਸਾਰਿਕ ਪਿਤਾ ਹੁੰਦਾ ਤਾਂ ਸਾਡੇ ਸਾਰਿਆਂ ਵਾਂਗ ਉਸ ਦਾ ਪਾਪੀ ਸੁਭਾਅ ਹੁੰਦਾ ਅਤੇ ਇਸ ਲਈ ਉਹ ਪਰਮੇਸ਼ੁਰ ਦਾ ਸੰਪੂਰਨ ਲੇਲਾ ਨਾ ਹੁੰਦਾ ਜੋ ਸੰਸਾਰ ਦੇ ਪਾਪ ਲੈ ਜਾਂਦਾ ਹੈ।

ਪਰਮੇਸ਼ੁਰ ਨੇ "ਪਹਿਲੇ ਆਦਮ" ਅਤੇ "ਪਹਿਲੇ ਮਨੁੱਖ" ਨੂੰ ਬਣਾਇਆ, ਜਦੋਂ ਉਸ ਨੇ ਪਾਪ ਕੀਤਾ, ਉਸ ਨੇ ਪਾਪ ਦੇ ਸੁਭਾਅ ਨੂੰ ਉਸ ਤੋਂ ਬਾਅਦ ਅਤੇ ਉਸ ਤੋਂ ਜਨਮੇ ਹਰੇਕ ਵਿੱਚ ਪਾਇਆ।

> 1 ਕੁਰਿੰਥੀਆਂ 15:45 ਇਉਂ ਲਿਖਿਆ ਹੋਇਆ ਵੀ ਹੈ ਜੋ **ਪਹਿਲਾ ਮਨੁੱਖ** ਆਦਮ ਜੀਉਂਦੀ ਜਾਨ ਹੋਇਆ, **ਛੇਕੜਲਾ ਆਦਮ** (ਹੋਰ ਨਹੀਂ ਹੋਵੇਗਾ) ਜੀਵਨ ਦਾਤਾ ਆਤਮਾ ਹੋਇਆ। [47] **ਪਹਿਲਾ ਮਨੁੱਖ** ਮਿੱਟੀ ਦਾ ਬਣਿਆ। **ਦੂਜਾ ਮਨੁੱਖ** ਸੁਰਗੋਂ ਹੈ।

> ਰੋਮੀਆਂ 5:12 ਇਸ ਲਈ ਜਿਵੇਂ ਇੱਕ ਮਨੁੱਖ ਤੋਂ ਪਾਪ ਸੰਸਾਰ ਵਿੱਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰਾਂ ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ ਏਸ ਲਈ ਜੋ ਸਭਨਾਂ ਨੇ ਪਾਪ ਕੀਤਾ।

"ਆਖਰੀ ਆਦਮ" ਅਤੇ "ਦੂਸਰੇ ਮਨੁੱਖ" ਦੀ ਪਰਮੇਸ਼ੁਰ ਨੇ ਕੁਆਰੀ ਤੋਂ ਜਨਮ ਦੁਆਰਾ ਸਿਰਜਣਾ ਕੀਤੀ, ਜਿਸ ਦੇ ਵਿੱਚ ਆਦਮ ਦੇ ਪਾਪ ਦਾ ਸੁਭਾਅ ਨਹੀਂ ਸੀ ਅਤੇ ਕੋਈ ਪਾਪ ਨਹੀਂ ਕੀਤਾ ਅਤੇ ਇਸ ਲਈ ਕੇਵਲ ਉਹ ਇੱਕ ਗ੍ਰਹਿਣ ਯੋਗ ਬਲੀਦਾਨ ਸੀ – **ਪਰਮੇਸ਼ੁਰ ਦਾ ਲੇਲਾ** (ਯੂਹੰਨਾ 1:29 ਅਤੇ 36)।

> 2 ਕੁਰਿੰਥੀਆਂ 5:21 ਉਹ ਨੇ **ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ** ਸਾਡੀ ਖ਼ਾਤਰ ਪਾਪ ਠਹਿਰਾਇਆ ਗਿਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ।